ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਕਰਜ਼ੇ ਤੋਂ ਪਰੇਸ਼ਾਨ ਹੋ? 416-502-3100
12 Beds, 7 Baths For 24 Guests 905-965-4644
FRESH TOMATO $1.79 LB 905-678-0300
ਵਕੀਲ ਦੀ ਲੋੜ? 905-362-0755
Personal Loan Business Loan Home Line of Credit 905-965-4644

ਅਜੀਤ
AJIT WEEKLY
Division of 6178235 canada inc.
Founding Patron & CEO: Late (Dr.) Prof. Darshan Singh
Founding Director: Late Vinny Bains
Patron & CEO: Kanwaljit Kaur Bains
Chief Editor: Kanwar Bains
International Editors: Mandeep Khurmi, Syed Asif Shahkar,Sweden, Jasreen Kaur, India
Representatives: Suman Modgil, Rupinderjit Kaur
Toronto Reps.: Jasbir Singh Boparai
California Reps.: John Pal Singh
New York Reps.: Harbhjan Singh

FINANCIAL ADVISOR
M.B.E. Accounting
ADVISORY BOARD
CHIEF ADV.: DR. RAWAIL SINGH (INDIA)
BALKAR SINGH (GOUSSAIN VILLE, FRANCE)
PRESS PHOTOGRAPHER
SUNDIP BRAR
ADVERTISING
Editorial : (905) 671-4761, (905) 671-4762
(905) 671-4767, (416) 899-2548
Toll Free Phone :1-888-371-AJIT (2548)
Toll Free Fax : 1-888-981-2818
e-mail : Info@ajitweekly.com
www.darshantv.ca
www.ajitweekly.com
www.ajitweeklymatrimonials.com
fb.com/ajitweeklycanada
instagram.com/ajitweekly
twitter.com/ajitweekly1
https://www.youtube.com/@ajitWeeklycanada

MAILING ADDRESS
2-7015 TRANMERE DRIVE
MISSISSAUGA ONT. L5S 1T7 CANADA

PUBLICATION MAIL AGREEMENT
ACCOUNT NUMBER : 4750993, AGGREMENT NO : 40112768

The Ajit Weekly and people associated with it are not responsible for any claims made by the advertisers and don't endorse any product or services advertised in the Ajit Weekly. Please consult your lawyer before buying/hiring/contracting through the ads published in the newspaper. The Ajit Weekly is in the business of selling space and claims made by the advertisers are not tested/confirmed by an independent source.All psychic's, soothsayers' and astrologer's ads are only for entertainment purposes. All rights reserved.

ਸ਼ਿਵਚਰਨ ਜੱਗੀ ਕੁੱਸਾ ਵਲੋਂ ਇੱਕ ਹੋਰ ਵੱਡੇ ਫ਼ਿਲਮੀ ਪ੍ਰੋਜੈਕਟ ਇੱਕ ਸੀ ਲਾਲੀ ਦਾ ਐਲਾਨ

ਮਨਦੀਪ ਖੁਰਮੀ ਹਿੰਮਤਪੁਰਾ

ਗਲਾਸਗੋ: ਸਿਰਫ਼ ਪੰਜਾਬ 'ਚ ਹੀ ਨਹੀਂ, ਸ਼ਾਇਦ ਪੂਰੇ ਭਾਰਤ 'ਚ ਹੀ ਘੱਟੋ-ਘੱਟ ਸੱਠ-ਸੱਤਰ ਪ੍ਰਤੀਸ਼ਤ ਅਜਿਹੇ ਲੋਕ ਵਸਦੇ ਹੋਣਗੇ ਜਿਨ੍ਹਾਂ ਦਾ ਬੁਰਕੇ ਵਾਲੇ ਲੁਟੇਰਿਆਂ, ਅਰਥਾਤ ਠੱਗ ਡਾਕਟਰਾਂ, ਨਾਲ ਸਿੱਧਾ ਵਾਹ ਪਿਆ ਹੋਵੇਗਾ। ਮਰੇ ਪਏ ਬੰਦੇ ਨੂੰ ਵੈਂਟੀਲੇਟਰ ਉੱਪਰ ਪਾਈ ਰੱਖਣਾ, ਸਿਰਫ਼ ਪੈਸਾ ਬਣਾਉਣ ਲਈ ਔਕਸੀਜਨ ਲਾਈ ਰੱਖਣੀ। ਇੱਥੋਂ ਤਕ ਕਿ ਮਰੇ ਬੰਦੇ ਦਾ ਕਈ-ਕਈ ਦਿਨ ਡਾਇਲੈਸਿਸ ਕਰੀ ਜਾਣਾ। ਪੰਜਾਬੀ ਦੇ ਚਰਚਿਤ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਨੇ ਇਹ ਦੁਖਾਂਤ ਖ਼ੁਦ ਆਪਣੇ ਪਿੰਡੇ 'ਤੇ ਹੰਢਾਇਆ ਹੈ। ਉਸ ਨੇ ਖ਼ੂਨੀ ਪੰਜੇ ਅਤੇ ਆਦਮਖੋਰ ਡਾਕਟਰ ਬੜਾ ਨਜ਼ਦੀਕ ਹੋ ਕੇ ਦੇਖੇ ਹਨ ਜੋ ਸਿਰਫ਼ ਆਪਣੇ ਟਾਰਗੈੱਟ ਪੂਰੇ ਕਰਨ ਲਈ ਬੇਕਸੂਰ ਮਰੀਜ਼ਾਂ ਦੀ ਬਲੀ ਦਿੰਦੇ ਹਨ, ਅਤੇ ਹਰ ਵਗਦੀ ਗੰਗਾ 'ਚ ਹੱਥ ਧੋਣਾ ਆਪਣਾ ਜੱਦੀ ਪੁਸ਼ਤੀ ਅਧਿਕਾਰ ਸਮਝਦੇ ਹਨ। ਉਨ੍ਹਾਂ ਨੂੰ ਆਪਣੀ ਨੈਤਿਕ ਜ਼ਿੰਮੇਵਾਰੀ ਦਾ ਕੋਈ ਅਹਿਸਾਸ ਜਾਂ ਇਸ ਜਵਾਬਦੇਹੀ ਨਾਲ ਕੋਈ ਲੈਣਾ-ਦੇਣਾ ਨਹੀਂ। ਉਹ ਹਰ ਮਰੀਜ਼ ਨੂੰ ਸੋਨੇ ਦੀ ਮੁਰਗੀ ਸਮਝ ਕੇ ਝਟਕਾਉਣਾ ਆਪਣਾ ਬੁਨਿਆਦੀ ਹੱਕ ਸਮਝਦੇ ਹਨ। ਕੀ ਸਮੇਂ ਦੀਆਂ ਸਰਕਾਰਾਂ ਵੱਡੇ-ਵੱਡੇ ਹਸਪਤਾਲਾਂ 'ਚ ਹੁੰਦੇ ਇਸ ਲੁੱਟ-ਖਸੁਟ ਵਾਲੇ ਵਰਤਾਰੇ ਤੋਂ ਬੇਖ਼ਬਰ ਹਨ? ਜਾਂ ਸਰਕਾਰਾਂ ਨੇ ਵੈਸੇ ਹੀ ਘੋਸਲ ਵੱਟੀ ਹੋਈ ਹੈ? ਜਾਂ ਸਮੇਂ-ਸਮੇਂ ਦੀਆਂ ਸਰਕਾਰਾਂ ਦੀ ਇਸ ਵਰਤਾਰੇ 'ਚ ਕੋਈ ਭਾਈਵਾਲੀ ਹੈ? ਕਿਤੇ ਚੋਰ ਅਤੇ ਕੁੱਤੀ ਰਲ ਕੇ ਸਾਂਝੀ ਖੇਡ ਤਾਂ ਨਹੀਂ ਖੇਡ ਰਹੇ?

ਪੰਜਾਬੀ ਨਾਵਲਕਾਰਾਂ 'ਚੋਂ ਬਹੁਤ ਘੱਟ ਲੋਕਾਂ ਨੂੰ ਇਤਨੀ ਸ਼ੁਹਰਤ ਨਸੀਬ ਹੋਈ ਜਿਤਨੀ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਹਿੱਸੇ ਆਈ। ਕਿਸਮਤ ਪੱਖੋਂ ਉਹ ਇੱਕ ਰੱਜਿਆ ਪੁੱਜਿਆ ਇਨਸਾਨ ਹੈ, ਪਰ ਜਦ ਉਸ ਦੀ ਲਿਆਕਤਮੰਦ ਜੁਆਨ

ਬੇਟੀ ਲਾਲੀ ਦੀ ਮੌਤ ਲੁਧਿਆਣਾ ਦੇ ਇੱਕ ਨਾਮਵਰ ਹਸਪਤਾਲ 'ਚ ਹੋਈ ਤਾਂ ਉਹ ਮਾਨਸਿਕ ਤੌਰ 'ਤੇ ਟੁੱਟ ਗਿਆ। ਪਰ ਉਸ ਦੇ ਕ੍ਰਾਂਤੀਕਾਰੀ ਸੁਭਾਅ ਨੇ ਉਬਾਲਾ ਮਾਰਿਆ ਅਤੇ ਮੈਡੀਕਲ ਅਤਿਵਾਦ ਉੱਪਰ ਇੱਕ ਵੱਡ-ਅਕਾਰੀ ਨਾਵਲ ਕੱਲਾ ਨਾ ਹੋਵੇ ਪੁੱਤ ਜੱਟ ਦਾ ਲਿਖ ਕੇ ਮਾਰਕੀਟ 'ਚ ਦਿੱਤਾ, ਅਤੇ ਇੱਕ ਫ਼ਿਲਮ ਲਿਖੀ ਇੱਕ ਸੀ ਲਾਲੀ। ਉਸ ਦੀ ਹੀ ਲਿਖੀ ਫ਼ੀਚਰ ਫ਼ਿਲਮ ਬੇਗੋ ਦੀ ਸ਼ੂਟਿੰਗ 15 ਦਸੰਬਰ ਤੋਂ ਜੰਗੀ ਪੱਧਰ 'ਤੇ ਚੱਲ ਰਹੀ ਹੈ, ਅਤੇ ਹੁਣ ਉਸ ਦੀ ਲਿਖੀ ਫ਼ਿਲਮ ਇੱਕ ਸੀ ਲਾਲੀ ਦਾ ਵੀ ਐਲਾਨ ਹੋ ਗਿਆ ਹੈ। ਅਸੀਂ ਇੱਕ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਇੱਕ ਸੀ ਲਾਲੀ ਬਹੁਤੇ ਲੋਕਾਂ ਦੇ ਨਾਸੂਰਾਂ ਉੱਪਰ ਮੱਲ੍ਹਮ ਦਾ ਕਾਰਜ ਕਰੇਗੀ ਅਤੇ ਮੈਡੀਕਲ ਅਤਿਵਾਦ ਦੇ ਪਰਦੇਫ਼ਾਸ਼ ਕਰੇਗੀ। ਇੱਕ ਸੀ ਲਾਲੀ ਦੇ ਨਿਰਦੇਸ਼ਕ ਦੀ ਜ਼ਿੰਮੇਵਾਰੀ ਲਵਲੀ ਸ਼ਰਮਾ ਧੂੜਕੋਟ ਦੇ ਮੋਢਿਆਂ 'ਤੇ ਪਈ ਹੈ। ਇਸ ਪ੍ਰਤੀਨਿਧ ਨਾਲ ਗੱਲਬਾਤ ਦੌਰਾਨ ਵਿਸ਼ਵ-ਪ੍ਰਸਿੱਧ ਨਾਵਲਕਾਰ ਅਤੇ ਫ਼ਿਲਮ ਲੇਖਕ ਸ਼ਿਵਚਰਨ ਜੱਗੀ ਕੁੱਸਾ ਨੇ ਕਿਹਾ ਕਿ ਬੇਸ਼ੱਕ ਇਹ ਫ਼ਿਲਮ ਉਨ੍ਹਾਂ ਦੇ ਦਿਲ ਦੇ ਟੋਟੇ ਧੀ ਰਾਣੀ ਲਾਲੀ ਕੁੱਸਾ ਨੂੰ ਸਮਰਪਿਤ ਹੋਵੇਗੀ, ਪਰ ਮੈਡੀਕਲ ਮਾਫ਼ੀਆ ਹੱਥੋਂ ਲੁੱਟੇ-ਪੁੱਟੇ ਗਏ ਲੋਕ ਕੁੱਝ ਰਾਹਤ ਜ਼ਰੂਰ ਮਹਿਸੂਸ ਕਰਨਗੇ। ਡਾਕਟਰ ਰੂਪੀ ਲਿਬਾਸ ਪਹਿਨ ਕੇ ਲੋਕਾਂ ਦਾ ਖ਼ੂਨ ਪੀ ਰਹੇ ਜੱਲਾਦਾਂ ਨੂੰ ਲੋਕ ਕਚਿਹਰੀ 'ਚ ਨੰਗਾ ਕਰਨ ਲਈ ਫ਼ਿਲਮ ਇੱਕ ਸੀ ਲਾਲੀ ਆਪਣਾ ਬਣਦਾ-ਸਰਦਾ ਯੋਗਦਾਨ ਪਾਵੇਗੀ। ਉਨ੍ਹਾਂ ਕਿਹਾ ਫ਼ਿਲਮ ਬੇਗੋ ਦੀ ਸ਼ੂਟਿੰਗ ਮੁਕੰਮਲ ਹੋਣ ਉਪਰੰਤ ਇੱਕ ਸੀ ਲਾਲੀ ਦੇ ਨਿਰਮਾਣ ਕਾਰਜ ਆਰੰਭ ਦਿੱਤੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਫ਼ਿਲਮ ਦੇ ਪ੍ਰੋਡਿਊਸਰ ਐੱਮ. ਪੀ. ਨਿਹਾਲੇਵਾਲੀਆ, ਸ਼ੇਰਾ ਧੂੜਕੋਟੀਆ ਅਤੇ ਦਿਲਵੀਰ ਸਿੰਘ ਹਨ ਅਤੇ ਇਸ ਫ਼ਿਲਮ ਨੂੰ ਯੁੱਗ ਫ਼ਿਲਮ ਸਟੂਡੀਓ ਦੇ ਬੈਨਰ ਹੇਠ ਰੀਲੀਜ਼ ਕੀਤਾ ਜਾਵੇਗਾ।

ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489
Sher Atta $14.99 20LB 905-678-0300

ਅਸੀਂ ਵਿਕਾਊ ਨਹੀਂ ਤੇ ਕਦੇ ਵੀ ਨਹੀਂ ਬਣਾਂਗੇ US ਦਾ ਹਿੱਸਾ - PM Greenland

ਨੂਕ: ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਵਲੋਂ **Greenland** ਨੂੰ ਖ਼ਰੀਦਣ ਜਾਂ ਆਪਣੇ ਕੰਟਰੋਲ 'ਚ ਲੈਣ ਦੇ ਬਾਰ-ਬਾਰ ਦਿੱਤੇ ਜਾ ਰਹੇ ਬਿਆਨਾਂ 'ਤੇ ਹੁਣ **Greenland** ਨੇ ਸਖ਼ਤ ਰੁਖ਼ ਅਪਨਾਇਆ ਹੈ। **Greenland** ਦੇ ਪ੍ਰਧਾਨ ਮੰਤਰੀ ਜੈਂਸ-ਫ਼੍ਰੈਡਰਿਕ ਨੀਲਸਨ ਨੇ ਟਰੰਪ ਨੂੰ ਦੋ-ਟੂਕ ਜਵਾਬ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ **Greenland** ਵਿਕਾਊ ਨਹੀਂ ਹੈ, ਅਤੇ ਉਥੋਂ ਦੇ ਨਾਗਰਿਕ ਕਿਸੇ ਵੀ ਕੀਮਤ 'ਤੇ **US** ਦਾ ਹਿੱਸਾ ਨਹੀਂ ਬਣਨਾ ਚਾਹੁੰਦੇ।

Greenland ਡੈਨਮਾਰਕ ਦਾ ਅਟੁੱਟ ਹਿੱਸਾ: ਪ੍ਰਧਾਨ ਮੰਤਰੀ ਨੀਲਸਨ ਨੇ ਕਿਹਾ ਕਿ **Greenland Denmark** ਸਾਮਰਾਜ ਦਾ ਇੱਕ ਅਟੁੱਟ ਹਿੱਸਾ ਹੈ, ਅਤੇ ਉਹ **Denmark** ਦੇ ਨਾਲ ਹੀ ਰਹਿਣਾ ਚੁਣਦੇ ਹਨ। ਉਨ੍ਹਾਂ ਇੱਕ ਸਾਂਝੇ ਬਿਆਨ 'ਚ ਕਿਹਾ, "ਅਸੀਂ ਅਮਰੀਕੀ ਨਹੀਂ ਬਣਨਾ ਚਾਹੁੰਦੇ, ਅਸੀਂ ਗ੍ਰੀਨਲੈਂਡਰ ਹੀ ਰਹਿਣਾ ਚਾਹੁੰਦੇ ਹਾਂ। **Greenland** ਦੇ ਭਵਿੱਖ ਦਾ ਫ਼ੈਸਲਾ ਇੱਥੋਂ ਦੇ ਲੋਕਾਂ ਵਲੋਂ ਹੀ ਕੀਤਾ ਜਾਵੇਗਾ।"

ਨਾਟੋ ਦੇ ਟੁੱਟਣ ਦੀ ਚੇਤਾਵਨੀ: **Denmark** ਦੀ ਪ੍ਰਧਾਨ ਮੰਤਰੀ ਮੈਟੇ ਫ਼੍ਰੈਡਰਿਕਸਨ ਨੇ ਵੀ ਇਸ ਸਥਿਤੀ ਨੂੰ ਗੰਭੀਰ ਦੱਸਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਅਮਰੀਕਾ ਵਲੋਂ **Greenland** 'ਤੇ ਜ਼ਬਰਦਸਤੀ ਕਬਜ਼ਾ ਕਰਨ ਦੀ ਕੋਈ ਵੀ ਕੋਸ਼ਿਸ਼ **NATO** ਗਠਜੋੜ ਦੇ ਅੰਤ ਦਾ ਕਾਰਨ ਬਣ ਸਕਦੀ ਹੈ। ਉਨ੍ਹਾਂ ਨੇ ਇਸ ਨੂੰ ਇੱਕ ਨਿਰਣਾਇਕ ਪਲ ਕਰਾਰ ਦਿੰਦਿਆਂ ਯੌਰਪੀਅਨ ਸਹਿਯੋਗੀਆਂ ਨੂੰ ਇੱਕਜੁੱਟ ਹੋਣ ਦੀ ਅਪੀਲ ਕੀਤੀ ਹੈ।

ਟਰੰਪ ਦੀ Greenland 'ਤੇ ਨਜ਼ਰ ਕਿਉਂ? ਦਰਅਸਲ ਰਾਸ਼ਟਰਪਤੀ **Trump** ਨੇ **Greenland** ਨੂੰ **US** ਦੀ ਰਾਸ਼ਟਰੀ ਸੁਰੱਖਿਆ ਲਈ ਬਹੁਤ ਮਹੱਤਵਪੂਰਣ ਦੱਸਿਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ **Greenland** ਦੀ ਰਣਨੀਤਕ ਸਥਿਤੀ, ਉੱਥੇ ਮੌਜੂਦ ਭਾਰੀ ਖਣਿਜ ਸਰੋਤ ਅਤੇ ਆਰਕਟਿਕ ਖੇਤਰ 'ਚ ਰੂਸ ਤੇ ਚੀਨ ਦੀ ਵਧਦੀ ਸਰਗਰਮੀ ਕਾਰਨ **US** ਲਈ ਇਸ 'ਤੇ ਕਬਜ਼ਾ ਕਰਨਾ ਜ਼ਰੂਰੀ ਹੈ। **Trump** ਨੇ ਇੱਥੋਂ ਤਕ ਕਹਿ ਦਿੱਤਾ ਸੀ ਕਿ ਅਮਰੀਕਾ ਇਸ ਨੂੰ ਸੌਖੇ ਜਾਂ ਔਖੇ ਤਰੀਕੇ ਨਾਲ ਹਾਸਿਲ ਕਰ ਸਕਦਾ ਹੈ। ਇਸ ਵੇਲੇ ਇਹ ਮੁੱਦਾ ਕੌਮਾਂਤਰੀ ਪੱਧਰ 'ਤੇ ਕਾਫ਼ੀ ਗਰਮਾਇਆ ਹੋਇਆ ਹੈ ਕਿਉਂਕਿ **Greenland** ਅਤੇ **Denmark** ਦੋਵੇਂ ਹੀ ਅਮਰੀਕਾ ਦੇ ਇਸ ਦਬਾਅ ਅੱਗੇ ਝੁਕਣ ਨੂੰ ਤਿਆਰ ਨਹੀਂ।

ਇੰਡੀਅਨ ਵੀਜ਼ਾ OCI & Passport Renewal 514-389-7070
Sher Atta $14.99 20LB 905-678-0300
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
ਮਰਦਾਨਾ ਕਮਜ਼ੋਰੀ 416-992-5489
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
12 Beds, 7 Baths For 24 Guests 905-965-4644
Personal Loan Business Loan Home Line of Credit 905-965-4644
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710

ਸਿੱਖ ਲੜਕੀ ਨਾਲ ਗੈਂਗਰੇਪ ਮਗਰੋਂ ਪਾਕਿ ਗੈਂਗ ਖ਼ਿਲਾਫ਼ ਲੰਡਨ ਪੁਲੀਸ ਦੀ ਚੁੱਪੀ ਤੋਂ ਭੜਕਿਆ ਸਿੱਖ ਭਾਈਚਾਰਾ

ਲੰਡਨ: ਇੰਗਲੈਂਡ ਤੋਂ ਇੱਕ ਸਨਸਨੀਖ਼ੇਜ਼ ਖ਼ਬਰ ਸਾਹਮਣੇ ਆ ਰਹੀ ਹੈ ਜਿੱਥੋਂ ਦੇ ਪੱਛਮੀ ਲੰਡਨ 'ਚ ਪੈਂਦੇ ਹੰਸਲੋ ਇਲਾਕੇ 'ਚ ਇੱਕ ਪਾਕਿਸਤਾਨੀ ਗੈਂਗ ਨੇ ਇੱਕ ਤਕਰੀਬਨ 15 ਸਾਲਾ ਸਿੱਖ ਲੜਕੀ ਨੂੰ ਇੱਕ ਫ਼ਲੈਟ 'ਚ ਬਧਕ ਬਣਾ ਕੇ ਉਸ ਨਾਲ 5-6 ਲੋਕਾਂ ਵਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇਸ ਮਾਮਲੇ ਬਾਰੇ ਪੁਲੀਸ ਨੂੰ ਸ਼ਿਕਾਇਤ ਕੀਤੀ ਗਈ ਸੀ, ਪਰ ਪੁਲੀਸ ਨੇ ਇਸ ਮਾਮਲੇ 'ਚ ਕੋਈ ਠੋਸ ਕਾਰਵਾਈ ਨਹੀਂ ਕੀਤੀ।

ਉਸ ਘਟਨਾ ਨੇ ਸਿੱਖ ਭਾਈਚਾਰੇ 'ਚ ਗੁੱਸਾ ਭੜਕਾ ਦਿੱਤਾ ਅਤੇ ਜਦੋਂ ਪੁਲੀਸ ਨੇ ਕੋਈ ਕਾਰਵਾਈ ਨਹੀਂ ਕੀਤੀ ਤਾਂ 200 ਤੋਂ ਵੱਧ ਸਿੱਖਾਂ ਨੇ ਇਕੱਠੇ ਹੋ ਕੇ ਉਸ ਥਾਂ ਨੂੰ ਘੇਰ ਲਿਆ ਜਿੱਥੇ ਬੱਚੀ ਨੂੰ ਕੈਦ ਕੀਤਾ ਗਿਆ ਸੀ। ਭਾਰੀ ਮੀਂਹ ਅਤੇ ਪੁਲੀਸ ਨਾਲ ਤਨਾਅਪੂਰਣ ਸਥਿਤੀ ਦੇ ਬਾਵਜੂਦ ਭਾਈਚਾਰੇ ਨੇ ਪ੍ਰਦਰਸ਼ਨ ਅਤੇ ਦਬਾਅ ਨਾਲ ਕਈ ਘੰਟਿਆਂ ਬਾਅਦ ਬੱਚੀ ਨੂੰ ਦਰਿੰਦਿਆਂ ਦੇ ਚੰਗੁਲ 'ਚੋਂ ਰਿਹਾਅ ਕਰਵਾਇਆ। ਇਸ ਸਬੰਧੀ ਸੋਸ਼ਲ ਮੀਡੀਆ 'ਤੇ ਕਈ ਵੀਡੀਓਜ਼ ਵੀ ਵਾਇਰਲ ਹੋ ਰਹੀਆਂ ਹਨ।

ਸਥਾਨਕ ਲੋਕਾਂ ਅਨੁਸਾਰ ਇਹ ਗਰੂਮਿੰਗ ਗੈਂਗ ਅਕਸਰ 11 ਤੋਂ 16 ਸਾਲ ਦੀਆਂ ਲੜਕੀਆਂ ਨੂੰ ਪਿਆਰ, ਦੋਸਤੀ ਜਾਂ ਮਹਿੰਗੇ ਤੋਹਫ਼ਿਆਂ ਦਾ ਝਾਂਸਾ ਦੇ ਕੇ ਆਪਣੇ ਜਾਲ 'ਚ ਫ਼ਸਾਉਂਦੇ ਹਨ, ਅਤੇ ਫ਼ਿਰ ਉਨ੍ਹਾਂ ਨੂੰ ਬਲੈਕਮੇਲ ਕਰ ਕੇ ਉਨ੍ਹਾਂ ਦਾ ਸ਼ਰੀਰਕ ਸ਼ੋਸ਼ਣ ਕਰਦੇ ਹਨ।

ਰਿਹਾਈ ਤੋਂ ਬਾਅਦ ਬੱਚੀ ਨੇ ਦੱਸਿਆ ਕਿ ਜਦੋਂ ਵੀ ਉਸ ਨੇ ਉੱਥੋਂ ਨਿਕਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਡਰਾਇਆ-ਧਮਕਾਇਆ ਅਤੇ ਵਿਰੋਧ ਕਰਨ 'ਤੇ ਕਮਰੇ 'ਚ ਬੰਦ ਕਰ ਦਿੱਤਾ ਜਾਂਦਾ ਸੀ। ਇਸ ਘਟਨਾ ਨੇ ਬ੍ਰਿਟਿਸ਼ ਪ੍ਰਸ਼ਾਸਨ ਅਤੇ ਪੁਲੀਸ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਿੱਖ ਭਾਈਚਾਰੇ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਅਜਿਹੇ ਅਪਰਾਧਿਕ ਅਨਸਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਤਾਂ ਜੋ ਬੱਚੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਬਹਿਬਲ ਕਲਾਂ ਗੋਲੀਬਾਰੀ ਘਟਨਾ 'ਚ ਭਗਵੰਤ ਮਾਨ ਤੋਂ ਮੰਗਿਆ ਜਾਵੇ ਜਵਾਬ

ਫ਼ਰੀਦਕੋਟ: ਪੰਜਾਬ ਦੇ ਫ਼ਰੀਦਕੋਟ 'ਚ ਬਹਿਬਲ ਕਲਾਂ ਗੋਲੀਬਾਰੀ ਘਟਨਾ ਦੇ ਪੀੜਤਾਂ ਦੇ ਪਰਿਵਾਰਕ ਮੈਂਬਰ ਅਤੇ ਇਨਸਾਫ਼ ਮੋਰਚੇ ਦੇ ਆਗੂ ਸੁਖਰਾਜ ਸਿੰਘ ਨਿਆਮੀਵਾਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਉਹ ਬੇਅਦਬੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੋਂ ਜਵਾਬ ਮੰਗਣ।

ਸੁਖਰਾਜ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਮੁੱਖ ਮੰਤਰੀ ਨੂੰ ਹੋਰ ਮਾਮਲਿਆਂ 'ਚ ਅਕਾਲ ਤਖ਼ਤ ਸਾਹਿਬ ਸਕੱਤਰੇਤ 'ਚ ਤਲਬ ਕੀਤਾ ਗਿਆ ਹੈ, ਉਸੇ ਤਰ੍ਹਾਂ ਉਨ੍ਹਾਂ ਨੂੰ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਜੁੜੀਆਂ ਬੇਅਦਬੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਦੀ ਅਧੂਰੀ ਜਾਂਚ ਲਈ ਵੀ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਉਨ੍ਹਾਂ ਦੇ ਕੁੱਝ ਬਿਆਨਾਂ ਦਾ ਜਵਾਬ ਦੇਣ ਲਈ 15 ਜਨਵਰੀ ਨੂੰ ਸਕੱਤਰੇਤ 'ਚ ਤਲਬ ਕੀਤਾ ਹੈ। ਮੁੱਖ ਮੰਤਰੀ ਦੇ ਪੇਸ਼ ਹੋਣ ਤੋਂ ਪਹਿਲਾਂ ਸੁਖਰਾਜ ਸਿੰਘ ਨਿਆਮੀਵਾਲਾ ਨੇ ਇੱਕ ਸਿੱਖ ਹੋਣ ਦੇ ਨਾਤੇ ਮੰਗ ਕੀਤੀ ਹੈ ਕਿ

ਜਥੇਦਾਰ 2015 ਦੀਆਂ ਇਨ੍ਹਾਂ ਘਟਨਾਵਾਂ 'ਤੇ ਵੀ ਸਖ਼ਤ ਸਟੈਂਡ ਲੈਣ।

ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਬਰਗਾੜੀ ਬੇਅਦਬੀ ਕਾਂਡ ਅਤੇ ਇਸ ਨਾਲ ਸਬੰਧਤ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀਬਾਰੀ ਦੀਆਂ ਘਟਨਾਵਾਂ ਸਿੱਖ ਇਤਿਹਾਸ ਦੇ ਬਹੁਤ ਹੀ ਸੰਵੇਦਨਸ਼ੀਲ ਅਤੇ ਦੁਖਦਾਈ ਅਧਿਆਇ ਹਨ। ਇਨ੍ਹਾਂ ਘਟਨਾਵਾਂ ਨੂੰ 10 ਸਾਲ ਤੋਂ ਵੱਧ ਸਮਾਂ ਬੀਤ ਚੁੱਕਾ ਹੈ, ਪਰ ਪੀੜਤ ਪਰਿਵਾਰਾਂ ਨੂੰ ਅਜੇ ਤਕ ਪੂਰਾ ਇਨਸਾਫ਼ ਨਹੀਂ ਮਿਲਿਆ।ਸੁਖਰਾਜ ਨੇ ਦੋਸ਼ ਲਾਇਆ ਕਿ ਇਸ ਮੁੱਦੇ 'ਤੇ ਸੂਬੇ ਨੇ ਦੋ ਵਾਰ ਸਰਕਾਰਾਂ ਬਦਲੀਆਂ ਹਨ, ਪਰ ਜਾਂਚ ਅਧੂਰੀ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਨਹੀਂ ਦਿੱਤੀ ਗਈ। ਉਨ੍ਹਾਂ ਕਿਹਾ ਕਿ ਸਿੱਖ ਭਾਈ